# ਆਪਣੇ ਪੂਲ ਤੋਂ ਬਚਾ ਕਰੋ, ਆਪਣਿਆਂ ਬੱਚਿਆਂ ਦਾ ਬਚਾ ਕਰਨ ਲਈ ਚੈਕਲਿਸਟ

2010-11 ਵਿੱਚ NSW ਦੇ 12 ਬੱਚੇ ਜਿਨ੍ਹਾਂ ਦੀ ਉਮਰ ਪੰਜ ਸਾਲ ਤੋਂ ਘੱਟ ਸੀ ਡੁੱਬ ਗਏ ਅਤੇ 64 ਹੋਰ ਜਿਹੜੇ ਡੁੱਬਣ ਤੋਂ ਮਸਾਂ ਬਚੇ ਹਸਪਤਾਲ ਵਿੱਚ ਦਾਖਲ ਕੀਤੇ ਗਏ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਡੁੱਬ ਕੇ ਮਰਨ ਦੀਆਂ ਘਟਨਾਵਾਂ ਕਿਸੇ ਵੀ ਹੋਰ ਉਮਰ ਦੇ ਬੱਚਿਆਂ ਨਾਲੋਂ ਵੱਧ ਹੁੰਦੀਆਂ ਹਨ, ਅਤੇ ਇਨ੍ਹਾਂ ਵਿੱਚੋਂ 50% ਪੂਲਜ਼ ਵਿੱਚ ਹੁੰਦੀਆਂ ਹਨ।

ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਡੁੱਬਣ ਅਤੇ ਡੁੱਬਣ ਤੋਂ ਮਸਾਂ ਬੱਚਣ ਦੀਆਂ ਘਟਨਾਵਾਂ ਦੇ ਖਤਰੇ ਦਾ ਮੁੱਖ ਕਾਰਨ ਪੂਲਜ਼ ਦੇ ਆਲੇ-ਦੁਆਲੇ ਲੋੜੀਂਦੀਆਂ ਵਾੜਾਂ (fencing) ਦਾ ਨਾ ਹੋਣਾ ਹੁੰਦਾ ਹੈ। ਪੂਲ ਦੁਆਲੇ ਦੀ ਵਾੜ ਅੰਦਰ ਜਾਣ ਤੋਂ ਹਟਾਉਣ ਕਰਕੇ ਵਧੇਰੇ ਸੁਰੱਖਿਆ ਪ੍ਰਦਾਨ ਕਰਦੀ ਹੈ।

ਪੂਲਜ਼ ਦੇ ਸਾਰੇ ਮਾਲਕਾਂ ਨੂੰ ਸਾਰਾ ਸਾਲ ਆਪਣੇ ਪੂਲਜ਼ ਦੀ ਦੇਖ-ਭਾਲ ਕਰਦੇ ਰਹਿਣਾ ਚਾਹੀਦਾ ਹੈ, ਖਾਸ ਕਰਕੇ ਗਰਮੀਆਂ ਆਉਣ ਦੇ ਸਮੇਂ ਤੱਕ।

ਕਿਰਪਾ ਕਰਕੇ ਇਹ ਨੋਟ ਕਰੋ ਕਿ ਆਸਟਰੇਲੀਆ ਦੇ ਵੱਖ ਵੱਖ ਰਾਜਾਂ ਅਤੇ ਟੈਰੀਟੋਰੀਜ਼ ਵਿੱਚ ਪੂਲ ਦੀਆਂ ਵਾੜਾਂ ਸਬੰਧਤ ਕਾਨੂੰਨ ਅਲੱਗ ਅਲੱਗ ਹਨ ਅਤੇ ਇਹ ਚੈਕਲਿਸਟ ਨੀਊ ਸਾਊਥ ਵੇਲਜ਼ ਵਿੱਚ ਹੀ ਲਾਗੂ ਹੈ।



ਹੋਰ ਜਾਣਕਾਰੀ ਲਈ ਵੇਖੋ http://kidshealth.schn.health.nsw.gov.au ਅਤੇ ਪਰੋਜੈਕਟਜ਼ ਦੇ ਨਿਸ਼ਾਨ ਹੇਠਾਂ ਡਰਾਊਨਿੰਗ ਪ੍ਰੀਵੈਨਸ਼ਨ (drowning prevention) ਦੇ ਲਿੰਕ ਨੂੰ ਦਬਾਓ।

kids health
the children's hospital at Westmead
Child Health Promotion Unit

ctcper
the children's hospital at Westmead
The Centre for Trauma Care, Prevention, Education and Research

NSW GOVERNMENT

Samuel Morris FOUNDATION

ਨਵੰਬਰ 2012

SPASA
SWIMMING POOL & SPA ASSOCIATION OF NSW LIMITED

## ਸਵਿਮਿੰਗ ਪੂਲ ਦੇ ਕਾਨੂੰਨ ਅਤੇ ਤੁਹਾਡੇ ਹਾਲਾਤ

*ਸਵਿਮਿੰਗ ਪੂਲਜ਼ ਐਕਟ* (ਨਿਊ ਸਾਊਥ ਵੇਲਜ਼) The Swimming Pools Act 1992 (NSW) ਅਧੀਨ ਨਿਜੀ ਸਵਿਮਿੰਗ ਪੂਲ ਮਾਲਕਾਂ ਨੇ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਉਨ੍ਹਾਂ ਦੇ ਪੂਲ ਹਰ ਸਮੇਂ ਬੱਚਿਆਂ ਨੂੰ ਰੋਕਣ ਵਾਲ਼ੇ ਅਜਿਹੇ ਬੈਰੀਅਰ ਨਾਲ਼ ਘਿਰੇ ਰਹਿਣ, ਜਿਹੜਾ ਪੂਲ ਨੂੰ ਕਿਸੇ ਵੀ ਸੰਪਤੀ 'ਚ ਸਥਿਤ ਰਿਹਾਇਸ਼ੀ ਇਮਾਰਤ ਦੇ ਨਾਲ਼ ਨਾਲ਼ ਉਸ ਸੰਪਤੀ ਦੇ ਨਾਲ਼ ਲਗਦੀ ਕਿਸੇ ਜਨਤਕ ਜਾਂ ਨਿਜੀ ਸਥਾਨ ਤੋਂ ਵੱਖ ਕਰਦਾ ਹੋਵੇ।

ਆਮ ਤੌਰ 'ਤੇ, ਇਸ ਕਾਨੂੰਨ ਮੁਤਾਬਕ ਬੈਰੀਅਰ ਇੱਕ ਅਜਿਹੇ ਨਿਰਧਾਰਤ ਮਿਆਰ ਵਾਲ਼ੀ ਪੂਲ ਦੇ ਚਾਰੇ ਪਾਸੇ ਲੱਗਣ ਵਾਲ਼ੀ ਵਾੜ ਹੁੰਦੀ ਹੈ।

ਫਿਰ ਵੀ, ਵੱਖੋ ਵੱਖਰੇ ਮਿਆਰ ਅਤੇ ਲਾਗੂ ਹੋਣ ਵਾਲ਼ੀਆਂ ਨਿਸਚਤ ਛੋਟਾਂ ਇਸ ਗੱਲ ਉਤੇ ਨਿਰਭਰ ਹੁੰਦੀਆਂ ਹਨ ਕਿ ਪੂਲ ਕਦੋਂ ਬਣਿਆ ਸੀ ਅਤੇ ਉਸ ਸੰਪਤੀ ਦੀ ਕੀ ਪ੍ਰਕਿਰਤੀ ਹੈ, ਜਿਸ ਉਤੇ ਪੂਲ ਸਥਿਤ ਹੈ। ਉਦਾਹਰਣ ਵਜੋਂ, ਇਨ੍ਹਾਂ ਰਾਹੀਂ ਬੱਚਿਆਂ ਨੂੰ ਰੋਕਣ ਲਈ ਦਰਵਾਜ਼ਿਆਂ ਅਤੇ ਖਿੜਕੀਆਂ ਉਤੇ ਤਾਲ਼ੇ ਲਾਉਣ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਰਾਹੀਂ ਸੀਮਤ ਹਾਲਾਤ ਵਿੱਚ ਪੂਲ ਤੋਂ ਰਿਹਾਇਸ਼ ਨੂੰ ਵੱਖ ਕੀਤਾ ਜਾ ਸਕੇ।

ਤੁਹਾਡੇ ਪੂਲ ਨੂੰ ਲਾਜ਼ਮੀ ਤੌਰ 'ਤੇ ਉਸਾਰੇ ਜਾਣ ਵਾਲ਼ੇ ਜਿਹੋ ਜਿਹੇ ਬੈਰੀਅਰ ਅਤੇ ਮਿਆਰ ਦੀ ਆਵਸ਼ਕਤਾ ਹੈ, ਉਸ ਦੀ ਕਿਸਮ ਬਾਰੇ ਸਲਾਹ ਲੈਣ ਲਈ ਆਪਣੀ ਸਥਾਨਕ ਕੌਂਸਲ ਨਾਲ਼ ਸੰਪਰਕ ਕਰੋ।

## ਸਵਿਮਿੰਗ ਪੂਲ ਰਜਿਸਟਰ

29 ਅਕਤੂਬਰ 2013 ਤੋਂ, ਸਾਰੇ ਸਵਿਮਿੰਗ ਪੂਲ ਜ਼ਰੂਰ ਹੀ ਸੂਬਾ ਪੱਧਰੀ ਪੂਲ ਰਜਿਸਟਰ ਵਿੱਚ ਰਜਿਸਟਰਡ ਹੋਣੇ ਚਾਹੀਦੇ ਹਨ। ਪੂਲ ਰਜਿਸਟਰ 29 ਅਪ੍ਰੈਲ 2013 ਤੋਂ ਉਪਲਬਧ ਹੋਵੇਗਾ। ਰਜਿਸਟਰੇਸ਼ਨ ਪ੍ਰਕਿਰਿਆ ਦੇ ਹਿੱਸੇ ਵਜੋਂ, ਪੂਲ ਮਾਲਕਾਂ ਨੇ ਜ਼ਰੂਰ ਹੀ ਆਪਣੇ ਬਿਹਤਰੀਨ ਗਿਆਨ ਮੁਤਾਬਕ ਇਹ ਪ੍ਰਮਾਣਿਤ ਕਰਨਾ ਹੋਵੇਗਾ ਕਿ ਪੂਲ ਬੈਰੀਅਰ ਨਿਯਮਾਂ ਉਤੇ ਪੂਰੀ ਤਰ੍ਹਾਂ ਖਰਾ ਉਤਰਦਾ ਹੋਵੇ। ਜਿਹੜੇ ਪੂਲ ਮਾਲਕ ਆਪਣੇ ਸਵਿਮਿੰਗ ਪੂਲ ਨੂੰ ਰਜਿਸਟਰ ਨਹੀਂ ਕਰਵਾਉਣਗੇ, ਉਨ੍ਹਾਂ ਨੂੰ ਜੁਰਮਾਨੇ ਕੀਤੇ ਜਾਣਗੇ।

| | | |
|---|---|---|
| 29 ਅਪ੍ਰੈਲ 2013 ਤੋਂ ਬਾਅਦ – ਕੀ ਤੁਸੀਂ ਆਪਣਾ ਪੂਲ ਸੂਬਾ ਪੱਧਰੀ ਪੂਲ ਰਜਿਸਟਰ ਵਿੱਚ ਰਜਿਸਟਰਡ ਕਰਵਾਇਆ ਹੈ? | ☐ ਹਾਂ | ☐ ਨਹੀਂ – ਆਪਣੀ ਸਥਾਨਕ ਕੌਂਸਲ, ਨਿਜੀ ਪ੍ਰਮਾਣਕਰਤਾ ਨਾਲ਼ ਸੰਪਰਕ ਕਰੋ ਜਾਂ ਆਪਣੇ ਸਵਿਮਿੰਗ ਪੂਲ ਨੂੰ ਰਜਿਸਟਰ ਕਰਵਾਉਣ ਲਈ ਨਿਊ ਸਾਊਥ ਵੇਲਜ਼ ਸੂਬੇ ਦੀ ਸਰਕਾਰ ਵੱਲੋਂ ਪ੍ਰਦਾਨ ਕਰਵਾਈ ਗਈ ਔਨਲਾਈਨ ਵੈਬਸਾਈਟ 'ਤੇ ਜਾਓ। |

## ਸਵਿਮਿੰਗ ਪੂਲ ਨਿਰੀਖਣ

29 ਅਪ੍ਰੈਲ 2014 ਤੋਂ ਨੂੰ, ਸਾਰੇ ਸੈਲਾਨੀ ਅਤੇ ਮੁਲਾਕਾਤੀਆਂ ਦੇ ਰਹਿਣ ਵਾਲੇ ਉਨ੍ਹਾ ਸਥਾਨਾਂ ਜਾਂ ਸੰਪਤੀਆਂ ਜਿੱਥੇ ਦੋ ਤੋਂ ਵੱਧ ਰਿਹਾਇਸ਼ੀ ਇਕਾਈਆਂ ਹੋਣ, ਉਨ੍ਹਾਂ ਦੇ ਸਵਿਮਿੰਗ ਪੂਲ ਦਾ ਨਿਰੀਖਣ ਤਿੰਨ ਸਾਲਾਂ 'ਚ ਘੱਟੋ ਘੱਟ ਇੱਕ ਵਾਰ ਜ਼ਰੂਰ ਕਰਵਾਉਣਾ ਹੋਵੇਗਾ।

*ਰਿਹਾਇਸ਼ੀ ਇਕਾਈ ਦਾ ਇੱਥੇ ਅਰਥ ਹੈ ਇੱਕ ਕਮਰਾ ਜਾਂ ਕਮਰਿਆਂ ਦਾ ਰਿਹਾਇਸ਼ੀ ਜਾਂ ਵਰਤਿਆ ਗਿਆ ਜਾਂ ਨਿਰਮਿਤ ਜਾਂ ਰਹਿਣ ਲਈ ਵਰਤੋਂਯੋਗ ਜਾਂ ਵੱਖਰੀ ਰਿਹਾਇਸ਼ ਵੱਲੋਂ ਵਰਤਿਆ ਗਿਆ ਸੂਇਟ। ਇਸ ਵਿੱਚ ਕਸਬੇ ਦੇ ਮਕਾਨ/ਵਿਲਾਜ਼, ਰਿਹਾਇਸ਼ੀ ਫ਼ਲੈਟਸ ਅਤੇ ਅਪਾਰਟਮੈਂਟਸ, ਰਿਹਾਇਸ਼ੀ ਮਿਲਖਾਂ ਵਿੱਚ ਆਮ ਪੂਲਜ਼, ਪੂਲ ਵਾਲ਼ੀਆਂ ਭਾਈਚਾਰਕ ਮਿਲਖਾਂ, ਕਾਰਵਾਂ ਪਾਰਕ, ਕੈਂਪਿੰਗ ਗਰਾਊਂਡ ਆਦਿ ਆ ਜਾਂਦੇ ਹਨ।*

ਸਥਾਨਕ ਇਲਾਕੇ ਲਈ ਸਾਰੇ ਸਥਾਨਕ ਕੌਂਸਲ ਸਵਿਮਿੰਗ ਪੂਲ ਨਿਰੀਖਣ ਪ੍ਰੋਗਰਾਮ 29 ਅਕਤੂਬਰ 2013 ਤੋਂ ਬਾਅਦ ਨਹੀਂ ਹੋਣਗੇ। ਸਥਾਨਕ ਕੌਂਸਲਾਂ ਪੂਲ ਮਾਲਕਾਂ ਤੋਂ ਪਹਿਲੇ ਨਿਰੀਖਣ ਲਈ 150 ਡਾਲਰ ਤੱਕ ਵਸੂਲ ਸਕਦੀਆਂ ਹਨ ਅਤੇ ਜੇ ਦੂਜਾ ਨਿਰੀਖਣ ਲੋੜੀਂਦਾ ਹੈ ਤਾਂ 100 ਡਾਲਰ ਤੱਕ ਵਸੂਲੇ ਜਾ ਸਕਦੇ ਹਨ (ਜੇ ਪਹਿਲੇ ਨਿਰੀਖਣ ਦੌਰਾਨ ਕਿਸੇ ਨੁਕਸਾਂ ਦੀ ਸ਼ਨਾਖ਼ਤ ਹੋਈ ਹੋਵੇ)। ਅਗਲੇਰੀ ਜਾਣਕਾਰੀ ਲਈ ਆਪਣੀ ਸਥਾਨਕ ਕੌਂਸਲ ਨਾਲ਼ ਸੰਪਰਕ ਕਰੋ।

29 ਅਪ੍ਰੈਲ 2014 ਨੂੰ, ਸਵਿਮਿੰਗ ਪੂਲ ਵਾਲੀਆਂ ਸਾਰੀਆਂ ਰਿਹਾਇਸ਼ੀ ਸੰਪਤੀਆਂ ਕੋਲ ਜ਼ਰੂਰ ਹੀ ਉਸ ਸੰਪਤੀ ਨੂੰ ਲੀਜ਼ ਉਤੇ ਦੇਣ ਜਾਂ ਵੇਚਣ ਤੋਂ ਪਹਿਲਾਂ ਇਸ ਦੀ ਪਾਲਣਾ ਦਾ ਵੈਧ ਪ੍ਰਮਾਣ-ਪੱਤਰ ਜ਼ਰੂਰ ਹੋਣਾ ਚਾਹੀਦਾ ਹੈ।

1 ਮਈ 2014 ਤੋਂ ਪੂਲ ਮਾਲਕ ਪਾਲਣਾ ਦਾ ਸਰਟੀਫ਼ਿਕੇਟ ਜਾਰੀ ਕਰਵਾਉਣ ਲਈ ਪੂਲ ਬੈਰੀਅਰ ਦੇ ਨਿਰੀਖਣ ਹਿਤ ਸਥਾਨਕ ਕੌਂਸਲ ਜਾਂ ਕਿਸੇ ਮਾਨਤਾ ਪ੍ਰਾਪਤ ਪ੍ਰਮਾਣਕਰਤਾ ਨਾਲ ਸੰਪਰਕ ਕਰ ਸਕਦੇ ਹਨ। ਪਾਲਣਾ ਦੇ ਸਰਟੀਫ਼ਿਕੇਟ ਤਿੰਨ ਸਾਲਾਂ ਲਈ ਵੈਧ ਰਹਿਣਗੇ।


## ਸਕਿੱਮਰ ਬਕਸੇ

1993 ਤੋਂ, ਨਿਊ ਸਾਊਥ ਵੇਲਜ਼ ਦੇ ਸਾਰੇ ਪੂਲਜ਼ ਅਤੇ ਸਪਾਅਜ਼ ਨੂੰ ਸੁਰੱਖਿਅਤ ਸਕਿੱਮਰ ਬਕਸੇ ਰੱਖਣ ਦੀ ਲੋੜ ਹੁੰਦੀ ਹੈ ਕਿਉਂਕਿ ਪੂਲ ਦੇ ਸਕਿੱਮਰ ਬਕਸੇ, ਖ਼ਾਸ ਕਰ ਕੇ ਪੁਰਾਣੇ ਪੌਟੀ ਵਰਗੇ ਸਕਿੱਮਰ ਬਕਸਿਆਂ ਉਤੇ ਬੈਠਣ ਨਾਲ ਗੰਭੀਰ ਕਿਸਮ ਦੀਆਂ ਅੰਦਰੂਨੀ ਸੱਟਾਂ ਲੱਗ ਸਕਦੀਆਂ ਹਨ।

| | | |
|---|---|---|
| ਕੀ ਤੁਹਾਡੇ ਸਕਿੱਮਰ ਬਕਸੇ ਉਤੇ ਸਥਾਈ ਗੁੰਬਦ ਆਕਾਰ ਦਾ ਸੁਰੱਖਿਆਤਮਕ ਢੱਕਣ ਅਤੇ ਇੱਕ ਸੁਰੱਖਿਆ ਸਕੱਰਟ ਲੱਗੇ ਹੋਏ ਹਨ, ਜਿਸ ਨੂੰ ਸਿਰਫ਼ ਕਿਸੇ ਔਜ਼ਾਰ ਦੀ ਵਰਤੋਂ ਕਰ ਕੇ ਹੀ ਹਟਾਇਆ ਜਾ ਸਕਦੇ ਹੋਵੇ? | ☐ ਹਾਂ | ☐ ਨਹੀਂ – ਫ਼ਿਲਟਰ ਇਨਲੈਟ ਉਤੇ ਪੱਕਾ ਸੁਰੱਖਿਆਤਮਕ ਢੱਕਣ ਲਗਾਓ। ਫ਼ਾਈਬਰਗਲਾਸ ਪੂਲਜ਼ ਦੇ ਨਿਰਮਾਤਾ ਜਾਂ ਮੁਰੰਮਤ ਕਰਨ ਵਾਲਿਆਂ ਨੂੰ ਅਜਿਹੀਆਂ ਮੁਰੰਮਤਾਂ ਕਰਨ ਦੇ ਯੋਗ ਹੋਣਾ ਚਾਹੀਦਾ ਹੈ (ਤੁਸੀਂ ਉਨ੍ਹਾਂ ਨੂੰ ਯੈਲੋ ਪੇਜਸ ਵਿਚੋਂ ਲੱਭ ਸਕਦੇ ਹੋ)। ਤੁਹਾਡੇ ਸਥਾਨਕ ਸਵਿਮਿੰਗ ਪੂਲ ਸਪਲਾਇਰ ਕੋਲ ਪੁਰਾਣੀ ਸ਼ੈਲੀ ਵਾਲੇ ਸਕਿੱਮਰ ਬਕਸੇ ਲਈ ਘੱਟ ਲਾਗਤ ਵਾਲੀ ਤਬਾਦਲਾ ਕਿੱਟ ਵੀ ਹੋ ਸਕਦੀ ਹੈ। |



*ਖ਼ਤਰਨਾਕ ਸਕਿੱਮਰ ਬਕਸਾ*



*ਸੁਰੱਖਿਅਤ ਸੋਧਿਆ ਸਕਿੱਮਰ ਬਕਸਾ*

## ਨਵੇਂ ਸਵਿਮਿੰਗ ਪੂਲਜ

ਵਰਕ ਹੈਲਥ ਐਂਡ ਸੇਫ਼ਟੀ ਰੈਗੂਲੇਸ਼ਨਜ਼ 2011 (ਸੀ ਟੀ ਐਚ) ਅਧੀਨ, ਸਾਰੇ ਨਿਰਮਾਣ ਅਧੀਨ ਨਵੇਂ ਪੂਲਜ਼ ਲਈ ਅਸਥਾਈ ਵਾੜ ਜਾਂ ਕੰਧ ਦੀ ਜ਼ਰੂਰਤ ਹੁੰਦੀ ਹੈ ਤਾਂ ਪੁਟਾਈ ਦੇ ਕੰਮ ਕਾਰਣ ਸਿਹਤ ਅਤੇ ਸੁਰੱਖਿਆ ਨੂੰ ਪੈਦਾ ਹੋਣ ਵਾਲੇ ਜੋਖਮਾਂ ਤੋਂ ਬਚਿਆ ਜਾ ਸਕੇ। ਇਸ ਵਿੱਚ ਬੱਚਿਆਂ ਨੂੰ ਖ਼ਾਲੀ ਪੂਲ ਵਿੱਚ ਡਿੱਗਣ, ਜਾਂ ਮੀਂਹ ਪੈਣ ਤੋਂ ਬਾਅਦ ਪੂਲ ਵਿੱਚ ਜੇ ਪਾਣੀ ਮੌਜੂਦ ਹੈ ਤਾਂ ਉਸ ਵਿੱਚ ਡੁੱਬਣ ਤੋਂ ਰੋਕਣਾ ਸ਼ਾਮਲ ਹਨ।

| | | |
|---|---|---|
| ਕੀ ਤੁਹਾਡੇ ਨਿਰਮਾਣ ਅਧੀਨ ਪੂਲ ਦੇ ਦੁਆਲ਼ੇ ਕੋਈ ਅਸਥਾਈ ਵਾੜ ਜਾਂ ਕੰਧ ਹੈ? | ☐ ਹਾਂ | ☐ ਨਹੀਂ – ਅਸਥਾਈ ਵਾੜ ਜਾਂ ਕੰਧ ਸਥਾਪਤ ਕਰੋ |
| ਕੀ ਤੁਸੀਂ ਕੋਈ ਨਵਾਂ ਸਵਿਮਿੰਗ ਪੂਲ ਬਣਾਉਣ ਤੋਂ ਪਹਿਲਾਂ ਆਪਣੀ ਸਥਾਨਕ ਕੌਂਸਲ ਤੋਂ ਮਨਜ਼ੂਰੀ ਲੈ ਲਈ ਹੈ? | ☐ ਹਾਂ | ☐ ਨਹੀਂ – ਆਪਣੀ ਸਥਾਨਕ ਕੌਂਸਲ ਜਾਂ ਨਿਜੀ ਇਮਾਰਤ ਪ੍ਰਮਾਣਕਰਤਾ ਨਾਲ ਸੰਪਰਕ ਕਰੋ। |
| ਕੀ ਤੁਸੀਂ ਆਪਣੀ ਸਥਾਨਕ ਕੌਂਸਲ ਨਾਲ ਇਸ ਬਾਰੇ ਗੱਲਬਾਤ ਕਰ ਲਈ ਕਿ ਤੁਸੀਂ ਆਪਣੀ ਸਥਾਈ ਵਾੜ ਜਾਂ ਕੰਧ ਕਿੱਥੇ ਲਾਉਣ ਜਾ ਰਹੇ ਹੋ? | ☐ ਹਾਂ | ☐ ਨਹੀਂ – ਇਹ ਯਕੀਨੀ ਬਣਾਉਣ ਲਈ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ ਕਿ ਤੁਹਾਡੀ ਸਥਾਈ ਪੂਲ ਵਾੜ ਜਾਂ ਕੰਧ ਕੌਂਸਲ ਦੇ ਦਿਸ਼ਾ-ਨਿਰਦੇਸ਼ਾਂ ਉਤੇ ਖਰੀ ਉਤਰਦੀ ਹੈ। |
| ਕਾਨੂੰਨ ਅਨੁਸਾਰ ਸਥਾਈ ਵਾੜ ਜਾਂ ਕੰਧ ਸਥਾਪਤ ਕੀਤੇ ਜਾਣ ਦੇ ਛੇਤੀ ਤੋਂ ਛੇਤੀ ਮਗਰੋਂ ਕੀ ਤੁਸੀਂ ਆਪਣੀ ਸਥਾਨਕ ਕੌਂਸਲ ਜਾਂ ਨਿਜੀ ਇਮਾਰਤ ਪ੍ਰਮਾਣਕਰਤਾ ਤੋਂ ਅੰਤਿਮ ਨਿਰੀਖਣ ਕਰਵਾ ਲਿਆ ਹੈ? | ☐ ਹਾਂ | ☐ ਨਹੀਂ – ਇੱਕ ਅੰਤਿਮ ਨਿਰੀਖਣ ਦਾ ਇੰਤਜ਼ਾਮ ਕਰਨ ਲਈ ਆਪਣੀ ਸਥਾਨਕ ਕੌਂਸਲ ਜਾਂ ਨਿਜੀ ਇਮਾਰਤ ਪ੍ਰਮਾਣਕਰਤਾ ਨਾਲ ਸੰਪਰਕ ਕਰੋ। |


## ਪੂਲ ਅੰਦਰੂਨੀ ਵਾੜ– ਉਚਾਈ˙ ਸੀਮਾ ਵਾੜਾਂ ਜਾਂ ਕੰਧਾਂ ਲਈ ਵੱਖਰਾ ਸੈਕਸ਼ਨ ਵੇਖੋ


| | | |
|---|---|---|
| ਕੀ ਤੁਹਾਡਾ ਪੂਲ ਫ਼ਿਨਿਸ਼ਡ ਜ਼ਮੀਨ ਪੱਧਰ ਤੋਂ ਜ਼ਮੀਨ ਤੋਂ ਘੱਟੋ ਘੱਟ 1.2 ਮੀਟਰ ਉਪਰ ਹੈ? | ☐ ਹਾਂ | ☐ ਨਹੀਂ - ਸਿੱਧੇ ਕਿਸੇ ਲਾਇਸੈਂਸਸ਼ੁਦਾ ਬਿਲਡਰ, ਪੂਲ ਤਕਨੀਸ਼ੀਅਨ ਜਾਂ ਵਾੜ ਜਾਂ ਕੰਧ ਕਰਨ ਵਾਲੇ ਠੇਕੇਦਾਰ ਨਾਲ ਸੰਪਰਕ ਕਰੋ। |

## ਪੂਲ ਵਾੜ ਜਾਂ ਕੰਧ– ਗ਼ੈਰ ਚੜ੍ਹਨਯੋਗ ਖੇਤਰ

| | | |
|---|---|---|
| ਕੀ ਤੁਸੀਂ ਇਹ ਯਕੀਨੀ ਬਣਾਇਆ ਹੈ ਕਿ ਰੁੱਖ, ਝਾੜੀਆਂ ਜਾਂ ਕੋਈ ਹੋਰ ਵਸਤਾਂ ਜਿਵੇਂ ਕਿ ਬਾਰ ਬੀ ਕਿਊ, ਗਮਲਿਆਂ 'ਚ ਲੱਗੇ ਪੌਦੇ, ਖਿਡੌਣੇ, ਪੌੜੀਆਂ ਅਤੇ ਕੁਰਸੀਆਂ ਗ਼ੈਰ ਚੜ੍ਹਨਯੋਗ ਖੇਤਰ ਤੋਂ 90 ਸੈਂਟੀਮੀਟਰ ਬਾਹਰ ਹਨ? *(ਜ਼ਮੀਨ ਦੀ ਤਰਫ਼ ਕਮਾਨ ਆਕਾਰ ਪੂਲ ਵਾੜ ਦੇ ਬਾਹਰ ਸਿਖ਼ਰ ਤੋਂ ਇੱਕ ਕਮਾਨ ਦੇ ਆਕਾਰ ਵਿੱਚ ਮਾਪਿਆ)* | ☐ ਹਾਂ | ☐ ਨਹੀਂ - ਪੂਲ ਨਾਕੇ ਦੇ ਨੇੜੇ ਰੁੱਖ ਜਾਂ ਝਾੜੀਆਂ ਅਤੇ ਹੋਰ ਵਸਤਾਂ ਜਿਵੇਂ ਕਿ ਬਾਰ ਬੀ ਕਿਊ , ਗਮਲਿਆਂ 'ਚ ਲੱਗੇ ਪੌਦੇ, ਖਿਡੌਣੇ, ਪੌੜੀਆਂ ਅਤੇ ਕੁਰਸੀਆਂ ਗ਼ੈਰ ਚੜ੍ਹਨਯੋਗ ਖੇਤਰ ਦੇ 90 ਸੈਂਟੀਮੀਟਰ ਘੇਰੇ ਅੰਦਰ ਨਹੀਂ ਆਉਣੀਆਂ ਚਾਹੀਦੀਆਂ, ਤਾਂ ਜੋ ਕੋਈ ਬੱਚਾ ਵਾੜ ਜਾਂ ਕੰਧ ਉਤੇ ਚੜ੍ਹਨ ਲਈ ਉਨ੍ਹਾਂ ਦੀ ਵਰਤੋਂ ਨਾ ਕਰ ਸਕੇ। |

ਪੂਲ ਵਾੜ ਜਾਂ ਕੰਧ ਦੇ ਅੰਦਰ ਗ਼ੈਰ ਚੜ੍ਹਨਯੋਗ ਖੇਤਰ ਦੇ 90 ਸੈਂਟੀਮੀਟਰ ਘੇਰੇ ਵਿੱਚ ਜ਼ਰੂਰ ਹੀ ਕੋਈ ਸਥਾਈ ਢਾਂਚਾ ਨਹੀਂ ਹੋਣਾ ਚਾਹੀਦਾ। ਗ਼ੈਰ-ਪੂਲ ਢਾਂਚੇ ਜਿਵੇਂ ਕਿ ਗੈਰੇਜਸ, ਬੂਟਾਂ ਦੇ ਚੜ੍ਹਨ ਲਈ ਢਾਂਚੇ, ਕਲੌਥਜ਼-ਲਾਈਨਜ਼, ਬੋਟਸ਼ੈਡਜ਼, ਰੈਂਪ/ਪੌਂਟੂਨ ਜਾਂ ਸ਼ੈਡਜ਼ ਦੀ ਪੂਲ ਖੇਤਰ ਦੇ ਅੰਦਰ ਹੋਣ ਦੀ ਇਜਾਜ਼ਤ ਨਹੀਂ ਹੈ।



## ਪੂਲ ਵਾੜ ਜਾਂ ਕੰਧ–ਸਿੱਧੇ ਖੜ੍ਹੇ ਘਾਪੇ

| | | |
|---|---|---|
| ਜੇ ਵਾੜ ਜਾਂ ਕੰਧ ਵਿੱਚ ਸਿੱਧੀਆਂ ਖੜ੍ਹੀਆਂ ਬਾਰਜ਼ ਹੋਣ, ਤਦ ਬਾਰਜ਼ ਦੇ ਵਿਚਕਾਰਲੀਆਂ ਵਿਰਲਾਂ 90 ਸੈਂਟੀਮੀਟਰ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ? *ਨੋਟ: ਬਾਰ ਦੇ ਮੋੜਨ ਲਈ ਵੱਧ ਤੋਂ ਵੱਧ 10 ਸੈਂਟੀਮੀਟਰ. ਥਾਂ ਦੀ ਇਜਾਜ਼ਤ ਹੁੰਦੀ ਹੈ ਅਤੇ ਇਹ ਵੀ ਆਮ ਤੌਰ ਉਤੇ 9 ਸੈਂ. ਮੀ. ਤੋਂ ਘੱਟ ਹੀ ਹੁੰਦੀ ਹੈ* | ☐ ਹਾਂ | ☐ ਨਹੀਂ -ਸਿੱਧੇ ਕਿਸੇ ਲਾਇਸੈਂਸਸ਼ੁਦਾ ਬਿਲਡਰ, ਪੂਲ ਤਕਨੀਸ਼ੀਅਨ ਜਾਂ ਵਾੜ ਜਾਂ ਕੰਧ ਬਣਾਉਣ ਵਾਲੇ ਠੇਕੇਦਾਰ ਨਾਲ ਸੰਪਰਕ ਕਰੋ। |

## ਪੂਲ ਵਾੜ ਜਾਂ ਕੰਧ– ਲੇਟਵੀਆਂ ਚੜ੍ਹਨਯੋਗ ਬਾਰਜ਼

| | | |
|---|---|---|
| *ਕੀ ਵਾੜ ਜਾਂ ਕੰਧ ਉਤੇ ਲੇਟਵੀਆਂ ਬਾਰਜ਼ ਇੱਕ ਦੂਜੇ ਤੋਂ ਘੱਟੋ ਘੱਟ 90 ਸੈਂਟੀਮੀਟਰ ਦੀ ਦੂਰੀ ਉਤੇ ਹਨ?* | ☐ ਹਾਂ | ☐ ਨਹੀਂ - ਸਿੱਧੇ ਕਿਸੇ ਲਾਇਸੈਂਸਸ਼ੁਦਾ ਬਿਲਡਰ, ਪੂਲ ਤਕਨੀਸ਼ੀਅਨ ਜਾਂ ਵਾੜ ਜਾਂ ਕੰਧ ਬਣਾਉਣ ਵਾਲੇ ਠੇਕੇਦਾਰ ਨਾਲ ਸੰਪਰਕ ਕਰੋ। |

## ਪੂਲ ਵਾੜ ਜਾਂ ਕੰਧ– ਵਾੜ ਜਾਂ ਕੰਧ ਦੀ ਤਹਿ ਵਿੱਚ ਵਿਰਲ

| | | |
|---|---|---|
| ਕੀ ਪੂਲ ਵਾੜ ਜਾਂ ਕੰਧ ਦੀ ਤਹਿ ਵਿੱਚ ਵਿਰਲ ਫ਼ਿਨਿਸ਼ਡ ਜ਼ਮੀਨੀ ਪੱਧਰ ਤੋਂ 10 ਸੈਂਟੀਮੀਟਰ. ਤੋਂ ਵੱਧ ਨਹੀਂ ਹੈ? | ☐ ਹਾਂ | ☐ ਨਹੀਂ - ਸਿੱਧੇ ਕਿਸੇ ਲਾਇਸੈਂਸਸ਼ੁਦਾ ਬਿਲਡਰ, ਪੂਲ ਤਕਨੀਸ਼ੀਅਨ ਜਾਂ ਵਾੜ ਜਾਂ ਕੰਧ ਬਣਾਉਣ ਵਾਲੇ ਠੇਕੇਦਾਰ ਨਾਲ ਸੰਪਰਕ ਕਰੋ। |





| | | |
|---|---|---|
| **ਪੂਲ ਦੀ ਵਾੜ ਅਤੇ ਗੇਟ ਦੀ ਦੇਖ-ਭਾਲ ਕਰਨਾ** | | |
| ਕੀ ਪੂਲ ਦੇ ਸਾਰੇ ਬੋਲਟ, ਸਕਰੂ ਅਤੇ ਚਿਟਕਣੀਆਂ (fasteners) ਕੱਸੇ ਹੋਏ ਅਤੇ ਠੀਕ ਹਨ? | ☐ ਹਾਂ | ☐ ਨਹੀਂ - ਕਿਸੇ ਵੀ ਢਿੱਲੇ ਬੋਲਟ, ਸਕਰੂ ਅਤੇ ਚਿਟਕਣੀਆਂ ਨੂੰ ਕੱਸਿਆ ਜਾਂ ਬਦਲਿਆ ਜਾਣਾ ਚਾਹੀਦਾ ਹੈ। |
| ਕੀ ਤੁਸੀਂ ਆਪੇ ਬੰਦ ਹੋ ਜਾਣ ਵਾਲੇ ਗੇਟਾਂ ਦੇ ਕਬਜਿਆਂ, ਜਿੰਦਰਿਆਂ ਅਤੇ ਕੁੰਡਿਆਂ ਉਪਰ ਲੁਬਰੀਕੇਟਿੰਗ ਤੇਲ ਜਾਂ ਸਿਲੀਕੋਨ ਸਪਰੇ ਕਰਦੇ ਹੋ? | ☐ ਹਾਂ | ☐ ਨਹੀਂ - ਪੂਲ ਦੀ ਵਾੜ ਅਤੇ ਗੇਟ ਬਣਾਉਣ ਵਾਲਿਆਂ ਵਲੋਂ ਤੁਹਾਨੂੰ ਲਿਖਤੀ ਤੌਰ ਤੇ ਇਨ੍ਹਾਂ ਨੂੰ ਚਾਲੂ ਰੱਖਣ ਲਈ ਆਦੇਸ਼ ਦਿੱਤੇ ਜਾਣੇ ਚਾਹੀਦੇ ਹਨ। ਇਨ੍ਹਾਂ ਵਿੱਚ ਸਪਰਿੰਗਾ ਦਾ ਲਗਾਤਾਰ ਤੌਰ ਤੇ ਬਦਲਾਵ ਕਰਨਾ ਅਤੇ ਆਪੇ ਬੰਦ ਹੋ ਜਾਣ ਵਾਲੇ ਗੇਟਾਂ ਦਿਆਂ ਕਬਜਿਆਂ, ਜਿੰਦਰਿਆਂ ਅਤੇ ਕੁੰਡਿਆਂ ਉਪਰ ਹਮੇਸ਼ਾਂ ਲੁਬਰੀਕੇਟਿੰਗ ਤੇਲ ਜਾਂ ਸਿਲੀਕੋਨ ਸਪਰੇ ਕਰਨ ਦੀ ਲੋੜ ਹੁੰਦੀ ਹੈ ਜੋ ਆਪੇ ਬੰਦ ਹੋਣ ਵਾਲੇ ਗੇਟਾਂ ਦੇ ਖਰਾਬ ਹੋਣ ਦਾ ਬਚਾ ਕਰ ਸਕਦਾ ਹੈ। |
| **ਪੂਲ ਦੀ ਵਾੜ - ਗੇਟ ਬੰਦ ਕਰਨ ਦੇ ਉਪਕਰਣ ਲਗਾਉਣ ਦੀ ਜਗ੍ਹਾ** | | |
| ਕੀ ਤੁਹਾਡੇ ਪੂਲ ਦਾ ਨਾ ਲੁਕਾਇਆ ਹੋਇਆ ਜਿੰਦਰਾ ਜ਼ਮੀਨ ਤੋਂ ਘੱਟੋ ਘੱਟ 150 ਸੈਂਟੀਮੀਟਰ ਉਪਰ ਲੱਗਾ ਹੋਇਆ ਹੈ? | ☐ ਹਾਂ | ☐ ਨਹੀਂ - ਜੇ ਤੁਹਾਡਾ ਜਿੰਦਰਾ ਜ਼ਮੀਨ ਤੋਂ 150 ਸੈਂਟੀਮੀਟਰ ਉਪਰ ਨਹੀਂ ਹੈ, ਤਾਂ ਫਿਰ ਉਹ ਪੂਲ ਦੀ ਵਾੜ ਦੇ ਅੰਦਰਲੇ ਪਾਸੇ ਲੱਗਾ ਹੋਣਾ ਚਾਹੀਦਾ ਹੇ, ਗੇਟ ਦੇ ਘੱਟੋ ਘੱਟ 15 ਸੈਂਟੀਮੀਟਰ ਥੱਲੇ ਵੱਲ, ਅਤੇ ਜਿਸ ਦੇ ਕੁੰਡੇ ਦੁਆਲੇ ਘੱਟੋ ਘੱਟ 45 ਸੈਂਟੀਮੀਟਰ ਦੇ ਘੇਰੇ ਦੀ ਸ਼ੀਲਡ ਲੱਗੀ ਹੋਣੀ ਚਾਹੀਦੀ ਹੈ। |
| **ਕਾਰਡਿਓ ਪਲਮਨਰੀ ਰੀਸੱਸੀਟੇਸ਼ਨ (CPR) ਦਾ ਸੰਕੇਤ (Sign )** | | |
| ਕੀ ਤੁਹਾਡੇ ਪੂਲ ਦੇ ਨੇੜੇ ਸੀ ਪੀ ਆਰ (CPR) ਦਾ ਸੰਕੇਤ ਹੈ ਜਿਹੜਾ ੩ ਮੀਟਰ ਦੇ ਫਾਸਲੇ ਤੋਂ ਪੜ੍ਹਿਆ ਜਾ ਸਕਦਾ ਹੈ?<br>*ਨੋਟ: ਜੇ ਫਿੱਕਾ ਪੈਂਦਾ ਹੋਵੇ, ਤਾਂ ਸੀ ਪੀ ਆਰ ਦਾ ਸੰਕੇਤ ਸਮੇਂ ਸਮੇਂ ਬਦਲਾਉਣਾ ਪੈ ਸਕਦਾ ਹੈ।.* | | ☐ ਨਹੀਂ - ਆਪਣੀ ਸਥਾਨਕ ਪੂਲ ਦੀ ਦੁਕਾਨ ਤੋਂ, ਕੌਂਸਲ ਜਾਂ ਕਮਯੂਨਿੱਟੀ ਸੰਗਠਨ ਜਿਵੇਂ ਕਿ ਸੈਂਟ ਜਾਨਜ਼ ਐਂਬੂਲੈਂਜ਼, ਦੀ ਆਸਟਰੇਲੀਅਨ ਰੈਡ ਕਰਾਸ ਜਾਂ ਰਾਇਲ ਲਾਈਫ ਸੇਵਿੰਗ ਸੁਸਾਇਟੀ ਤੋਂ ਸੰਕੇਤ ਮੁੱਲ ਲੈ ਕੇ ਲਗਾਓ। |

## ਪੂਲ- ਗੇਟਸ, ਆਪੇ ਬੰਦ ਹੋਣ ਤੇ ਫ਼ਿਕਸ ਹੋਣ ਵਾਲੇ ਉਪਕਰਣ

| | | |
|---|---|---|
| ਕੀ ਤੁਹਾਡਾ ਪੂਲ ਗੇਟ ਬਾਹਰ ਵੱਲ ਨੂੰ ਖੁੱਲ੍ਹਦਾ ਹੈ (ਪੂਲ ਖੇਤਰ ਤੋਂ ਪਰ੍ਹਾਂ)? | ☐ ਹਾਂ | ☐ ਨਹੀਂ - ਪੂਲ ਗੇਟ ਜ਼ਰੂਰ ਹੀ ਮੁੜ ਵਾਪਸ ਚਲਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਬਾਹਰ ਵੱਲ ਨੂੰ ਝੂਲਾ ਖਾਵੇ (ਪੂਲ ਖੇਤਰ ਤੋਂ ਪਰ੍ਹਾਂ)। |
| ਕੀ ਤੁਹਾਡਾ ਪੂਲ ਗੇਟ ਕਿਸੇ ਵੀ ਖੁੱਲ੍ਹੀ ਪੁਜ਼ੀਸ਼ਨ ਤੋਂ ਬਿਨਾਂ ਜਬਰੀ ਬੰਦ ਕੀਤਿਆਂ ਆਪਣੇ ਆਪ ਹੀ ਬੰਦ ਹੋ ਜਾਂਦਾ ਹੈ? | ☐ ਹਾਂ | ☐ ਨਹੀਂ -ਪੂਲ ਗੇਟ ਨੂੰ ਉਦੋਂ ਤੱਕ ਪੱਕੇ ਤੌਰ ਉਤੇ ਚੰਗੀ ਤਰ੍ਹਾਂ ਬੰਨ੍ਹ ਕੇ ਰੱਖਣਾ ਚਾਹੀਦਾ ਹੈ, ਜਦੋਂ ਤੱਕ ਕਿ ਨਵਾਂ ਤਾਲ਼ਾ ਅਤੇ ਬੰਦ ਕਰਨ ਵਾਲਾ ਉਪਕਰਣ ਸਥਾਪਤ ਨਹੀਂ ਕਰ ਦਿੱਤਾ ਜਾਂਦਾ। ਆਪੇ ਬੰਦ ਹੋਣ ਅਤੇ ਆਪੇ ਫ਼ਿਕਸ ਹੋਣ ਵਾਲੇ ਉਪਕਰਣ ਆਮ ਪੂਲ ਦੁਕਾਨਾਂ ਅਤੇ ਹਾਰਡਵੇਅਰ ਦੀਆਂ ਦੁਕਾਨਾਂ ਤੋਂ ਖ਼ਰੀਦੇ ਜਾ ਸਕਦੇ ਹਨ ਅਤੇ ਇਨ੍ਹਾਂ ਨੂੰ ਸਥਾਪਤ ਕਰਨਾ ਵੀ ਬਹੁਤ ਆਸਾਨ ਹੁੰਦਾ ਹੈ। |
| ਕੀ ਜਦੋਂ ਗੇਟ ਬੰਦ ਕੀਤਾ ਜਾਂਦਾ ਹੈ ਤਾਂ ਤੁਹਾਡਾ ਪੂਲ ਗੇਟ ਆਪਣੇ ਆਪ ਹੀ ਲੌਕ (ਆਪੇ ਫ਼ਿਕਸ ਹੋਣਾ) ਹੋ ਜਾਂਦਾ ਹੈ? | ☐ ਹਾਂ | |
| ਕੀ ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਤੁਸੀਂ ਆਪਣਾ ਪੂਲ ਗੇਟ ਕਦੇ ਵੀ ਖੁੱਲ੍ਹਾ ਨਹੀਂ ਛੱਡਦੇ। | | ☐ ਨਹੀਂ - ਹਮੇਸ਼ਾ ਗੇਟ ਬੰਦ ਕਰੋ ਅਤੇ ਗੇਟ ਕਦੇ ਖੁੱਲ੍ਹਾ ਨਾ ਰੱਖੋ। |

## ਸੀਮਾ ਵਾੜ ਜਾਂ ਕੰਧ ਜਿਸ ਦੀ ਵਰਤੋਂ ਪੂਲ ਵਾੜ ਜਾਂ ਕੰਧ ਦੇ ਹਿੱਸੇ ਵਜੋਂ ਹੁੰਦੀ ਹੋਵੇ

| | | |
|---|---|---|
| ਜੇ ਤੁਹਾਡੀ ਸੀਮਾ ਵਾੜ ਜਾਂ ਕੰਧ ਦੇ ਅੰਦਰ ਕੋਈ ਸਿੱਧੀਆਂ ਲੇਟਵੀਆਂ ਬਾਰਜ਼ ਹਨ, ਤਾਂ ਕੀ ਉਹ ਗ਼ੈਰ ਚੜ੍ਹਨਯੋਗ ਖੇਤਰ ਦੇ 90 ਸੈਂਟੀਮੀਟਰ ਬਾਹਰ ਵੱਲ ਹਨ? *(ਜ਼ਮੀਨ ਦੀ ਤਰਫ਼ ਕਮਾਨ ਆਕਾਰ ਪੂਲ ਵਾੜ ਦੇ ਬਾਹਰ ਸਿਖ਼ਰ ਤੋਂ ਇੱਕ ਕਮਾਨ ਦੇ ਆਕਾਰ ਵਿੱਚ ਮਾਪਿਆ)* | ☐ ਹਾਂ | ☐ ਨਹੀਂ - ਕਿਸੇ ਲਾਇਸੈਂਸਸ਼ੁਦਾ ਬਿਲਡਰ, ਪੂਲ ਤਕਨੀਸ਼ੀਅਨ ਜਾਂ ਵਾੜ ਜਾਂ ਕੰਧ ਬਣਾਉਣ ਵਾਲੇ ਠੇਕੇਦਾਰ ਨਾਲ ਸੰਪਰਕ ਕਰੋ ਜੋ ਤੁਹਾਨੂੰ ਕਾਨੂੰਨੀ ਹੱਲ ਪ੍ਰਦਾਨ ਕਰ ਸਕੇ। |

## ਬੱਚਿਆਂ ਨੂੰ ਰੋਕਣ ਲਈ ਖਿੜਕੀਆਂ - ਖਿੜਕੀ ਸਿਲਜ਼ ਜ਼ਮੀਨ ਤੋਂ 180 ਸੈਂ. ਮੀ. ਤੋਂ ਘੱਟ ਉਚਾਈ ਉਤੇ ਹੋਣ

1 ਸਤੰਬਰ 2008 ਤੋਂ ਪਹਿਲਾਂ ਬਣੇ ਸਵਿਮਿੰਗ ਪੂਲਜ਼ ਅਤੇ ਬੈਰੀਅਰਜ਼ ਵਿੱਚ ਪੂਲ ਵਾੜ ਜਾਂ ਕੰਧ ਜਾ ਨਾਕੇ ਦੇ ਹਿੱਸੇ ਵਜੋਂ ਬਾਲ-ਸੁਰੱਖਿਅਤ ਖਿੜਕੀਆਂ ਲੱਗੀਆਂ ਹੋ ਸਕਦੀਆਂ ਹਨ। ਬਾਲ-ਸੁਰੱਖਿਅਤ ਖਿੜਕੀਆਂ ਸਮੇਤ ਪੁਰਾਣੇ ਪੂਲਜ਼ ਲਈ ਆਵਸ਼ਕਤਾਵਾਂ, ਬਾਲ-ਰੋਕੂ ਖਿੜਕੀਆਂ ਵਾਲੇ ਨਵੇਂ ਪੂਲਜ਼ ਦੀਆਂ ਆਵਸ਼ਕਤਾਵਾਂ ਤੋਂ ਭਿੰਨ ਹੁੰਦੀਆਂ ਹਨ। ਜੇ ਪੂਲ ਬੈਰੀਅਰ ਦੇ ਹਿੱਸੇ ਵਜੋਂ ਖਿੜਕੀਆਂ ਦੀ ਰੱਖ-ਰਖਾਅ ਵਾਜਬ ਮਿਆਰ ਅਨੁਸਾਰ ਨਾ ਕੀਤੀ ਜਾਵੇ, ਤਦ ਤੁਹਾਨੂੰ ਮੌਜੂਦਾ ਬਾਲ-ਰੋਕੂ ਖਿੜਕੀ ਆਵਸ਼ਕਤਾਵਾਂ ਦੀ ਪਾਲਣਾ ਕਰਨੀ ਪੈ ਸਕਦੀ ਹੈ। ਬਦਲੇ ਗਏ ਜਾਂ ਮੁੜ ਉਸਾਰੇ ਗਏ ਬੈਰੀਅਰਜ਼ ਵੀ ਮੌਜੂਦਾ ਬਾਲ-ਰੋਕੂ ਖਿੜਕੀ ਆਵਸ਼ਕਤਾਵਾਂ ਉਤੇ ਪੂਰੇ ਉਤਰਨੇ ਚਾਹੀਦੇ ਹਨ। ਕ੍ਰਿਪਾ ਕਰ ਕੇ ਆਪਣੀ ਸਥਾਨਕ ਕੌਂਸਲ ਕੋਲ ਚੈਕ ਕਰੋ।

| | | |
|---|---|---|
| ਜੇ ਤੁਹਾਡੇ ਕੋਲ ਬਾਲ-ਸੁਰੱਖਿਅਤ ਖਿੜਕੀਆਂ ਹੋਣ ਜੋ ਪੂਲ ਬੈਰੀਅਰ ਦਾ ਹਿੱਸਾ ਬਣਦੀਆਂ ਹੋਣ, ਤਾਂ ਕੀ ਉਨ੍ਹਾਂ ਵਿੱਚ ਤਾਲਾ ਲੱਗਣ ਵਾਲਾ ਉਪਕਰਣ ਜਾਂ ਇੱਕ ਸੁਰੱਖਿਆ ਸਕ੍ਰੀਨ ਲੱਗੀ ਹੋਈ ਹੈ ਜੋ ਉਨ੍ਹਾਂ ਨੂੰ 10 ਸੈਂਟੀਮੀਟਰ ਤੋਂ ਵੱਧ ਖੁੱਲ੍ਹਣ ਤੋਂ ਰੋਕਦੀ ਹੋਵੇ? | ☐ ਹਾਂ | ☐ ਨਹੀਂ - **ਬਾਲ-ਸੁਰੱਖਿਅਤ** ਖਿੜਕੀ ਸਥਾਪਤ ਕਰਨ ਦੀ ਇਜਾਜ਼ਤ ਦੀ ਛੋਟ ਨਹੀਂ ਦਿੱਤੀ ਜਾ ਸਕਦੀ। ਤੁਹਾਨੂੰ ਮੌਜੂਦਾ ਬਾਲ-ਰੋਕੂ ਖਿੜਕੀ ਆਵਸ਼ਕਤਾਵਾਂ ਦੀ ਪਾਲਣਾ ਕਰਨੀ ਹੋਵੇਗੀ। |
| ਜੇ ਤੁਹਾਡੇ ਕੋਲ ਬਾਲ-ਰੋਕੂ ਖਿੜਕੀਆਂ ਹਨ ਜੋ ਪੂਲ ਬੈਰੀਅਰ ਦਾ ਹਿੱਸਾ ਬਣਦੀਆਂ ਹੋਣ ਤੇ ਇਹ ਬੈਰੀਅਰ ਖਿੜਕੀ ਦਾ ਖੁੱਲ੍ਹਣਯੋਗ ਹਿੱਸਾ ਹੈ ਜਿਸ ਨੂੰ ਪੱਕੇ ਤੌਰ ਉਤੇ ਫ਼ਿਕਸਡ ਬਾਰਜ਼ ਜਾਂ ਇੱਕ ਜਾਲ਼ੀ ਵਾਲੀ ਸਕ੍ਰੀਨ ਨਾਲ ਢਕਿਆ ਗਿਆ ਹੈ? | ☐ ਹਾਂ | ☐ ਨਹੀਂ - ਖਿੜਕੀ ਖੁੱਲ੍ਹਣ ਵਾਲੀ ਥਾਂ ਨੂੰ ਢਕਣ ਲਈ ਬਾਰਜ਼ ਜਾਂ ਇੱਕ ਜਾਲੀ ਵਾਲੀ ਸਕ੍ਰੀਨ ਸਥਾਪਤ ਕਰੋ (ਵੱਧ ਤੋਂ ਵੱਧ ਵਿਰਲ ੧੦ ਸੈਟੀਮੀਟਰ)। ਬਾਰਜ਼ ਅਤੇ ਜਾਲ਼ੀ ਸਕ੍ਰੀਨਾਂ ਸਥਾਨਕ ਹਾਰਡਵੇਅਰ ਸਟੋਰ ਤੋਂ ਖ਼ਰੀਦੀਆਂ ਜਾ ਸਕਦੀਆਂ ਹਨ, ਪਰ ਤੁਹਾਨੂੰ ਆਪਣੀ ਸਥਾਨਕ ਕੌਂਸਲ ਜਾਂ ਕਿਸੇ ਲਾਇਸੈਂਸਸ਼ੁਦਾ ਬਿਲਡਰ ਤੋਂ ਵੀ ਸਲਾਹ ਲੈ ਲੈਣੀ ਚਾਹੀਦੀ ਹੈ। |

| ## ਬਾਲ ਰੋਕੂ ਦਰਵਾਜ਼ੇ | | |
|---|---|---|
| ਕੁੱਝ ਪੁਰਾਣੇ ਸਵਿਮਿੰਗ ਪੂਲਜ਼ ਵਿੱਚ ਦਰਵਾਜ਼ੇ ਪੂਲ ਵਾੜ ਜਾਂ ਨਾਕੇ ਦੇ ਹਿੱਸੇ ਵਜੋਂ ਸ਼ਾਮਲ ਹੋ ਸਕਦੇ ਹਨ। ਇਸ ਦੀ ਇਜਾਜ਼ਤ ਨਵੇਂ ਪੂਲਜ਼ ਦੀ ਇਮਾਰਤ ਜਾਂ ਬੈਰੀਅਰਜ਼ ਵਿੱਚ ਨਹੀਂ ਦਿੱਤੀ ਜਾ ਸਕਦੀ ਜਿਨ੍ਹਾਂ ਵਿੱਚ ਤਬਦੀਲੀ ਕੀਤੀ ਗਈ ਹੈ ਜਾਂ ਜਿਨ੍ਹਾਂ ਦੀ ਮੁੜ ਉਸਾਰੀ ਕੀਤੀ ਗਈ ਹੈ। | | |
| ਜੇ ਤੁਹਾਡਾ ਦਰਵਾਜ਼ਾ ਅਜਿਹਾ ਹੈ ਜਿਹੜਾ ਪੂਲ ਨਾਕੇ ਦਾ ਹਿੱਸਾ ਬਣਦਾ ਹੈ, ਕੀ ਇਹ ਆਪਣੇ ਆਪ ਬੰਦ ਹੁੰਦਾ ਹੈ? | ☐ ਹਾਂ | ☐ ਨਹੀਂ<br>ਬਾਲ-ਸੁਰੱਖਿਅਤ ਖਿੜਕੀ ਸਥਾਪਤ ਕਰਨ ਦੀ ਇਜਾਜ਼ਤ ਦੀ ਛੋਟ ਨਹੀਂ ਦਿੱਤੀ ਜਾ ਸਕਦੀ। ਤੁਹਾਨੂੰ ਆਪਣੇ ਸਵਿਮਿੰਗ ਪੂਲ ਦੇ ਆਲੇ ਦੁਆਲੇ ਚਾਰ ਪਾਸਿਆਂ ਵਾਲੀ ਵਾੜ ਸਥਾਪਤ ਕਰਨ ਦੀ ਲੋੜ ਪੈ ਸਕਦੀ ਹੈ। ਕ੍ਰਿਪਾ ਕਰ ਕੇ ਆਪਣੀ ਸਥਾਨਕ ਕੌਂਸਲ ਕੋਲ ਚੈਕ ਕਰੋ। |
| ਜੇ ਤੁਹਾਡਾ ਦਰਵਾਜ਼ਾ ਅਜਿਹਾ ਹੈ ਜਿਹੜਾ ਪੂਲ ਬੈਰੀਅਰ ਦਾ ਹਿੱਸਾ ਬਣਦਾ ਹੋਵੇ, ਤਾਂ ਕੀ ਇਹ ਆਪੇ ਫ਼ਿਕਸ ਹੋ ਜਾਂਦਾ ਹੈ? | ☐ ਹਾਂ | |
| ਜੇ ਤੁਹਾਡਾ ਦਰਵਾਜ਼ਾ ਅਜਿਹਾ ਹੈ ਜਿਹੜਾ ਪੂਲ ਬੈਰੀਅਰ ਦਾ ਹਿੱਸਾ ਬਣਦਾ ਹੈ, ਤਦ ਕੀ ਫ਼ਿਕਸ ਕਰਨ ਵਾਲਾ ਉਪਕਰਣ ਫ਼ਰਸ਼ ਤੋਂ ਘੱਟੋ ਘੱਟ 150 ਸੈਂਟੀਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਦਰਵਾਜ਼ੇ ਦੇ ਦੋਵੇਂ ਪਾਸਿਆਂ ਤੋਂ ਆਪਰੇਟ ਕੀਤੇ ਜਾਣ ਯੋਗ ਹੈ? | ☐ ਹਾਂ | |
| ਜੇ ਤੁਹਾਡਾ ਦਰਵਾਜ਼ਾ ਅਜਿਹਾ ਹੈ ਜਿਹੜਾ ਪੂਲ ਬੈਰੀਅਰ ਦਾ ਹਿੱਸਾ ਬਣਦਾ ਹੋਵੇ, ਕੀ ਤੁਸੀਂ ਇਹ ਯਕੀਨੀ ਬਣਾਇਆ ਹੈ ਕਿ ਦਰਵਾਜ਼ੇ ਜਾਂ ਇਸ ਦੇ ਫ਼ਰੇਮ ਉਤੇ ਫ਼ਰਸ਼ ਅਤੇ ਫ਼ਰਸ਼ ਤੋਂ 100 ਸੈਂਟੀਮੀਟਰ ਉਪਰ ਵਿਚਕਾਰ 1 ਸੈਂਟੀਮੀਟਰ ਤੋਂ ਚੌੜਾ ਕੋਈ ਫ਼ੁੱਟਹੋਲਡ ਨਹੀਂ ਹੈ? | ☐ ਹਾਂ | |
| ਜੇ ਤੁਹਾਡਾ ਦਰਵਾਜ਼ਾ ਅਜਿਹਾ ਹੈ, ਜੋ ਪੂਲ ਬੈਰੀਅਰ ਦਾ ਹਿੱਸਾ ਬਣਦਾ ਹੈ, ਕੀ ਤੁਸੀਂ ਇਹ ਯਕੀਨੀ ਬਣਾਇਆ ਹੈ ਕਿ ਕੋਈ ਪੈਟ ਦਰਵਾਜ਼ੇ ਨਹੀਂ ਹਨ? | ☐ ਹਾਂ | |
| ## ਜ਼ਮੀਨ ਦੇ ਉਪਰ ਪੂਲਜ਼ ਅਤੇ ਹਵਾ ਭਰਨਯੋਗ ਪੂਲਜ਼ | | |
| ਜੇ ਤੁਹਾਡੇ ਕੋਲ ਜ਼ਮੀਨ ਦੇ ਉਪਰ ਪੂਲ ਹੈ, ਤਦ ਕੀ ਇਸ ਦੇ ਵਾੜ ਲੱਗੀ ਹੋਈ ਹੈ? | ☐ ਹਾਂ | ☐ ਨਹੀਂ - ਬਾਲ-ਰੋਕੂ ਵਾੜ ਸਥਾਪਤ ਕਰੋ। |
| ਜੇ ਤੁਹਾਡੇ ਕੋਲ ਹਵਾ ਭਰਨਯੋਗ ਜਾਂ ਪੋਰਟੇਬਲ ਪੂਲ ਹੈ ਜਿਸ ਵਿੱਚ 30 ਸੈਂਟੀਮੀਟਰ ਤੋਂ ਵੱਧ ਪਾਣੀ ਭਰਿਆ ਜਾ ਸਕਦਾ ਹੈ, ਕੀ ਇਸ ਦੇ ਵਾੜ ਲੱਗੀ ਹੋਈ ਹੈ? | ☐ ਹਾਂ | |





## ਸਪਾ ਪੂਲਜ਼

| | | |
|---|---|---|
| ਕੀ ਤੁਹਾਡੇ ਸਪਾ ਪੂਲ ਦੇ ਆਲੇ-ਦੁਆਲੇ ਵਾੜ ਹੈ?? | ☐ ਹਾਂ | ☐ ਨਹੀਂ- ਬਾਲ ਰੋਕੂ ਵਾੜ ਲਾਓ ਜਾਂ ਤੁਹਾਨੂੰ ਇਹ ਪੱਕੀ ਕਰਨੀ ਪਵੇਗੀ ਕਿ ਸਪਾਂ ਢੱਕਿਆ ਹੋਇਆ ਹੈ ਅਤੇ ਉਹ ਜਿੰਦਰਾ ਮਾਰਨ ਵਾਲੇ ਬਾਲ-ਸੁਰੱਖਿਆ ਢਾਂਚੇ ਨਾਲ ਢੱਕਿਆ ਹੋਇਆ ਹੈ (ਜਿਵੇਂ ਕਿ ਦਰਵਾਜ਼ਾ, ਢੱਕਣ, ਜਾਲੀਦਾਰ ਢਾਂਚੇ ਜਾਂ ਜਾਲੀ) ਜਦੋਂ ਉਹ ਸਪਾ ਵਰਤੋਂ ਵਿੱਚ ਨਹੀਂ ਹੁੰਦਾ। |

## ਹੋਰ ਚੈਕ

| | | |
|---|---|---|
| ਕੀ ਤੁਸੀਂ ਚੈਕ ਕੀਤਾ ਹੈ ਕਿ ਸਾਰੇ ਬਿਜਲੀ ਦੇ ਹਿੱਸੇ ਅਤੇ ਪੰਪ ਬਿਜਲੀ ਸੁਰੱਖਿਆ ਦੀਆਂ ਲੋੜਾਂ ਤੋਂ ਪੂਰੇ ਉਤਰਦੇ ਹਨ ਅਤੇ ਠੀਕ ਤਰ੍ਹਾਂ ਢੱਕੇ ਹੋਏ ਹਨ? | ☐ ਹਾਂ | ☐ ਨਹੀਂ- ਚੈਕ ਕਰੋ ਕਿ ਤੁਹਾਡੇ ਸਪਾ ਉਪਰ ਲਾਜ਼ਮੀ ਬਿਜਲੀ ਸੁਰੱਖਿਆ ਪ੍ਰਵਾਨਗੀ ਨੰਬਰ ਲਿਖਿਆ ਹੋਇਆ ਹੈ ਜਾਂ ਉਸ ਉਪਰ ਨਿਯਮਿਤ ਆਗਿਆਕਾਰੀ ਚਿੰਨ ਲੱਗਾ ਹੋਇਆ ਹੈ। ਇਸ ਸੰਕੇਤ (ਸਗਿਨ) ਉਪਰ ਆਮ ਤੌਰ ਤੇ ਆਸਟਰੇਲੀਆ ਦੇ ਤੁਹਾਡੇ ਨਾਲ ਸਬੰਧਤ ਰਾਜ ਜਾਂ ਟੈਰੀਟੋਰੀ ਦੇ ਨਾਮ ਦਾ ਪਹਿਲਾ ਅੱਖਰ ਗੂੜ੍ਹੀ ਤਰ੍ਹਾਂ ਲਿਖਿਆ ਹੁੰਦਾ ਹੈ (ਮਿਸਾਲ ਵਜੋਂ, ਨੀਊ ਸਾਊਥ ਵੇਲਜ਼ ਲਈ N) ਅਤੇ ਇੱਕ ਸਰਟੀਫੀਕੇਟ ਨੰਬਰ ਵੀ। |
| ਤੁਹਾਡੇ ਸਪਾ ਦੇ ਨੇੜੇ ਸੀ ਪੀ ਆਰ (CPR) ਦਾ ਸੰਕੇਤ (ਸਗਿਨ) ਲੱਗਾ ਹੋਇਆ ਹੈ ਜਿਹੜਾ ਚੰਗੀ ਤਰ੍ਹਾਂ ਪੜ੍ਹਨਯੋਗ ਹੈ ਅਤੇ 3 ਮੀਟਰ ਦੀ ਦੂਰੀ ਤੋਂ ਪੜ੍ਹਿਆ ਜਾ ਸਕਦਾ ਹੈ? | ☐ ਹਾਂ | ☐ ਨਹੀਂ-ਆਪਣੀ ਸਥਾਨਕ ਪੂਲ ਦੀ ਦੁਕਾਨ ਤੋਂ, ਕਾਊਂਸਲ ਜਾਂ ਕਮਯੂਨਿੱਟੀ ਸੰਗਠਨ ਜਿਵੇਂ ਕਿ ਸੈਂਟ ਜਾਨਜ਼ ਐਂਬੂਲੈਂਜ਼, ਦੀ ਆਸਟਰੇਲੀਅਨ ਰੈਡ ਕਰਾਸ ਜਾਂ ਰਾਇਲ ਲਾਈਫ ਸੇਵਿੰਗ ਸੁਸਾਇਟੀ ਤੋਂ ਸੰਕੇਤ ਮੁੱਲ ਲੈ ਕੇ ਲਗਾਓ। |





## ਕਿਰਾਏਦਾਰ

ਸਾਰੇ ਕਿਰਾਏ ਸਬੰਧਤ ਇਕਰਾਰਨਾਮਿਆਂ (agreements) ਵਿੱਚ ਸਵਿੰਮਿੰਗ ਪੂਲਜ਼ ਦੀ ਦੇਖ-ਭਾਲ ਸਬੰਧਤ ਜ਼ਿੰਮੇਵਾਰੀਆਂ ਲਿਖੀਆਂ ਹੋਣੀਆਂ ਚਾਹੀਦੀਆਂ ਹਨ। ਕਿਰਾਏਦਾਰ ਵਲੋਂ ਕਿਸੇ ਵੀ ਨੁਕਸਾਨ ਜਾਂ ਮੁਰੰਮਤ ਦੀ ਲੋੜ ਬਾਰੇ ਮਕਾਨ ਮਾਲਕ ਨੂੰ ਇਤਲਾਹ ਦੇਣੀ ਜ਼ਰੂਰੀ ਹੈ। ਕਿਰਾਏਦਾਰ ਕਿਸੇ ਤਰ੍ਹਾਂ ਦੀਆਂ ਮਕਾਨ ਨੂੰ ਅਸੁਰੱਖਿਅਤ ਬਣਾ ਦੇਣ ਵਾਲੀਆਂ ਬਹੁਤ ਜ਼ਰੂਰੀ ਮੁਰੰਮਤਾਂ ਕਰਵਾ ਸਕਦਾ ਹੈ (ਜਿਨ੍ਹਾਂ ਵਿੱਚ ਸਵਿੰਮਿੰਗ ਪੂਲ ਦੀ ਵਾੜ ਦੀ ਮੁਰੰਮਤ ਵੀ ਹੈ) ਜੇ ਮਕਾਨ ਮਾਲਕ ਜਾਂ ਏਜੰਟ ਨਾਲ ਸੰਪਰਕ ਨਾ ਹੋ ਸੱਕੇ ਜਾਂ ਉਹ ਵਾਜਬ ਸਮੇਂ ਦੇ ਅੰਦਰ ਅੰਦਰ ਉਨ੍ਹਾਂ ਅਤਿ ਜ਼ਰੂਰੀ ਮੁਰੰਮਤਾ ਨੂੰ ਠੀਕ ਨਾ ਕਰਵਾ ਸੱਕੇ।